Police & Legal Advice - Punjabi

**ਰੇਪ ਕਰਾਈਸਿਸ ਸਕਾਟਲੈਂਡ**

**ਹੈਲਪਲਾਈਨ**

08088 01 03 02
ਆਵਾਜ਼ ਅਤੇ ਮਿਨੀਕਮ

ਰੋਜ਼ਾਨਾ ਖੁੱਲ੍ਹਣ ਦਾ ਸਮਾਂ: 6 ਵਜੇ ਸ਼ਾਮ – 12 ਵਜੇ ਰਾਤ ਤੱਕ

**ਰੇਪ ਕਰਾਈਸਿਸ ਸਕਾਟਲੈਂਡ ਹੈਲਪਲਾਈਨ – 08088 01 03 02 (ਫ੍ਰੀ ਫ਼ੋਨ ਵੋਆਇਸ + ਮਿਨੀਕਮ)**

support@rapecrisisscotland.org.uk 'ਤੇ ਈਮੇਲ ਸਹਾਇਤਾ ਵੀ ਉਪਲਬਧ ਹੈ।

ਰੇਪ ਕਰਾਈਸਿਸ ਸਕਾਟਲੈਂਡ ਹੈਲਪਲਾਈਨ ਅਤੇ ਸਥਾਨਕ ਰੇਪ ਕਰਾਈਸਿਸ ਸੈਂਟਰ, ਜਿਣਸੀ ਹਿੰਸਾ ਤੋਂ ਬਚ ਨਿਕਲਣ ਵਾਲਿਆਂ ਨੂੰ ਸਹਾਇਤਾ ਦਿੰਦੇ ਹਨ ਭਾਵੇਂ ਉਹਨਾਂ ਨੇ ਪੁਲਿਸ ਕੋਲ ਰਿਪੋਰਟ ਕੀਤੀ ਹੋਵੇ ਜਾਂ ਨਾ ਕੀਤੀ ਹੋਵੇ। RCS ਹੈਲਪਲਾਈਨ, ਬਚ ਜਾਣ ਵਾਲਿਆਂ, ਉਹਨਾਂ ਦੇ ਦੋਸਤਾਂ, ਰਿਸ਼ਤੇਦਾਰਾਂ ਅਤੇ ਵਰਕਰਾਂ ਨੂੰ ਮੁੱਢਲੀ ਅਤੇ ਸੰਕਟਕਾਲੀ ਸਹਾਇਤਾ ਅਤੇ ਜਾਣਕਾਰੀ ਦੀ ਪੇਸ਼ਕਸ਼ ਕਰਦੇ ਹਨ। ਹਮਲਾ ਭਾਵੇਂ ਪਿੱਛੇ ਜਿਹੇ ਹੋਇਆ ਸੀ ਜਾਂ ਕਾਫੀ ਸਮਾਂ ਪਹਿਲਾਂ ਹੋਇਆ ਸੀ, ਇਸ ਬਾਰੇ ਪੁਲਿਸ ਨੂੰ ਰਿਪੋਰਟ ਕਰਨ ਦਾ ਫੈਸਲਾ ਪੂਰੀ ਤਰਾਂ ਤੁਹਾਡਾ ਆਪਣਾ ਹੈ, ਜੇਕਰ ਅਜਿਹਾ ਕੁਝ ਤੁਸੀਂ ਪਹਿਲਾਂ ਹੀ ਕਰ ਚੁੱਕੇ ਹੋ ਜਾਂ ਇਸ ਤਰਾਂ ਕਰਨ ਬਾਰੇ ਸੋਚ ਰਹੇ ਹੋ ਤਾਂ RCS ਹੈਲਪਲਾਈਨ ਤੁਹਾਨੂੰ ਮੁਫ਼ਤ ਸਹਾਇਤਾ ਅਤੇ ਜਾਣਕਾਰੀ ਦੇ ਸਕਦੀ ਹੈ।

## ਪੁਲਿਸ ਕੋਲ ਰਿਪੋਰਟ ਕਰਨਾ

ਜੇ ਤੁਹਾਡੇ ਨਾਲ ਬਲਾਤਕਾਰ ਕੀਤਾ ਗਿਆ ਹੈ ਜਾਂ ਜਿਣਸੀ ਹਮਲਾ ਕੀਤਾ ਗਿਆ ਹੈ ਅਤੇ ਤੁਸੀਂ ਪੁਲਿਸ ਕੋਲ ਰਿਪੋਰਟ ਕਰਨ ਦਾ ਫੈਸਲਾ ਕਰਦੇ ਹੋ ਤਾਂ ਜਿੰਨੀ ਜਲਦੀ ਸੰਭਵ ਹੋਵੇ ਇਸਨੂੰ ਕਰ ਦੇਣਾ ਸਭ ਤੋਂ ਵਧੀਆ ਰਹਿੰਦਾ ਹੈ। ਕਿਸੇ ਅੰਦਰੂਨੀ ਸਰੋਤ ਤੋਂ ਵਿਗਿਆਨਕ ਜਾਂਚ ਲਈ ਸਬੂਤਾਂ (forensic evidence) ਨੂੰ ਲੈਣ ਵਾਸਤੇ ਸਮਾਂ-ਪੈਮਾਨੇ ਆਮ ਤੌਰ 'ਤੇ ਪਹਿਲੇ 72 ਘੰਟਿਆਂ ਦੇ ਅੰਦਰ ਹੁੰਦੇ ਹਨ, ਪਰ ਵਿਗਿਆਨਕ ਜਾਂਚ ਲਈ ਹੋਰ ਸਬੂਤ ਜਿਵੇਂ ਕਿ ਵਾਲ ਜਾਂ ਕੱਪੜਿਆਂ 'ਤੇ ਧੱਬਿਆਂ ਦਾ ਕਈ ਵਾਰ 10 ਦਿਨਾਂ ਤੱਕ ਪਤਾ ਲਾਇਆ ਜਾ ਸਕਦਾ ਹੈ। ਵਿਗਿਆਨਕ ਜਾਂਚ ਲਈ ਸਬੂਤਾਂ ਦੀ ਕਿਸਮ ਚਾਹੇ ਜੋ ਵੀ ਹੋਵੇ, ਇਸਨੂੰ ਜਿੰਨੀ ਜਲਦੀ ਸੰਭਵ ਹੋਵੇ ਇਕੱਠਾ ਕਰ ਲੈਣਾ ਹਮੇਸ਼ਾ ਬੇਹਤਰ ਹੁੰਦਾ ਹੈ ਕਿਉਂਕਿ ਇਹ ਆਸਾਨੀ ਨਾਲ ਗੁੰਮ ਹੋ ਸਕਦੀ ਹੈ।
ਇਸ ਸਮਾਂ ਪੈਮਾਨੇ ਤੋਂ ਬਾਹਰ ਹਮਲਿਆਂ ਦੀ ਰਿਪੋਰਟ ਕਰਨਾ ਸੰਭਵ ਹੈ ਅਤੇ ਨਾਲ ਹੀ ਪੁਰਾਣੇ ਹਮਲਿਆਂ ਦੀ ਰਿਪੋਰਟ ਵੀ ਕੀਤੀ ਜਾ ਸਕਦੀ ਹੈ।
ਜਦ ਤੁਸੀਂ ਪੁਲਿਸ ਕੋਲ ਰਿਪੋਰਟ ਕਰਦੇ ਹੋ ਤਾਂ ਅਜਿਹੀ ਸੰਭਾਵਨਾ ਹੈ ਕਿ ਤੁਹਾਨੂੰ ਇੱਕ ਪਰਿਵਾਰਕ ਸੁਰੱਖਿਆ ਇਕਾਈ (Family Protection Unit) ਵਿੱਚ ਦੇਖਿਆ ਜਾਵੇਗਾ ਜਿੱਥੇ ਵਿਸ਼ੇਸ਼ ਸਿਖਲਾਈ ਪ੍ਰਾਪਤ ਅਫਸਰ ਅਤੇ ਸੁਵਿਧਾਵਾਂ ਹੁੰਦੀਆਂ ਹਨ। ਜੇ ਤੁਸੀਂ ਤਰਜੀਹ ਦਿੰਦੇ ਹੋ ਤਾਂ ਤੁਸੀਂ ਕਿਸੇ ਔਰਤ ਪੁਲਿਸ ਅਫਸਰ ਨਾਲ ਗੱਲ ਕਰਨ ਵਾਸਤੇ ਪੁੱਛ ਸਕਦੇ ਹੋ, ਭਵਿੱਖ ਦੇ ਸੰਪਰਕ ਵਾਸਤੇ ਪੁਲਿਸ ਅਫਸਰ ਦਾ ਨਾਮ ਅਤੇ ਨੰਬਰ ਨੋਟ ਕਰ ਲੈਣਾ ਇੱਕ ਵਧੀਆ ਵਿਚਾਰ ਹੈ। ਤੁਹਾਨੂੰ ਹਮਲੇ ਬਾਬਤ ਅਤੇ ਇਸ ਨਾਲ ਸਬੰਧਿਤ ਹਾਲਾਤਾਂ ਬਾਰੇ ਇੱਕ ਬਿਆਨ ਦੇਣ ਵਾਸਤੇ ਕਿਹਾ ਜਾਵੇਗਾ। ਹਰੇਕ ਚੀਜ਼ ਨੂੰ ਯਾਦ ਰੱਖਣ ਦੇ ਅਯੋਗ ਹੋਣਾ ਬੇਹੱਦ ਸੁਭਾਵਿਕ ਗੱਲ ਹੈ ਅਤੇ ਜੇ ਤੁਸੀਂ ਅਜਿਹੀ ਇੱਛਾ ਕਰਦੇ ਹੋ ਤਾਂ ਤੁਹਾਡੇ ਕੋਲ ਅਗਲੇ ਦਿਨ ਉਸ ਬਿਆਨ ਵਿੱਚ ਕੋਈ ਹੋਰ ਗੱਲ ਜੋੜਨ ਦਾ ਮੌਕਾ ਹੋਵੇਗਾ।

ਜੇ ਤੁਸੀਂ ਕਿਸੇ ਤਾਜ਼ਾ ਹਮਲੇ ਦੀ ਰਿਪੋਰਟ ਕਰ ਰਹੇ ਹੋ ਤਾਂ ਤੁਹਾਨੂੰ ਵਿਗਿਆਨਕ ਜਾਂਚ ਵਾਸਤੇ ਸਬੂਤ ਇਕੱਠੇ ਕਰਨ ਲਈ ਇੱਕ ਡਾਕਟਰੀ ਜਾਂਚ ਕਰਵਾਉਣ ਵਾਸਤੇ ਕਿਹਾ ਜਾਵੇਗਾ। ਵਿਗਿਆਨਕ ਜਾਂਚ ਵਾਸਤੇ ਸਬੂਤ ਆਸਾਨੀ ਨਾਲ ਗੁੰਮ ਹੋ ਸਕਦੇ ਹਨ ਅਤੇ ਪੁਲਿਸ ਸਲਾਹ ਦਿੰਦੀ ਹੈ ਕਿ ਵਿਗਿਆਨਕ ਜਾਂਚ ਤੋਂ ਪਹਿਲਾਂ ਹਮਲੇ ਤੋਂ ਬਚ ਜਾਣ ਵਾਲਿਆਂ ਨੂੰ, ਜੇ ਸੰਭਵ ਹੋਵੇ ਤਾਂ, ਧੋਣਾ, ਪੀਣਾ ਜਾਂ ਖਾਣਾ ਨਹੀਂ ਚਾਹੀਦਾ।

ਅਜਿਹੀ ਸੰਭਾਵਨਾ ਹੈ ਕਿ ਤੁਹਾਨੂੰ ਉਸ ਸਥਾਨ 'ਤੇ ਵਾਪਸ ਜਾਣ ਲਈ ਕਿਹਾ ਜਾਵੇਗਾ ਜਿੱਥੇ ਹਮਲਾ ਵਾਪਰਿਆ ਸੀ ਤਾਂ ਜੋ ਪੁਲਿਸ ਅਗਲੇਰੇ ਸਬੂਤਾਂ ਦੀ ਭਾਲ ਕਰ ਸਕੇ।
ਪੁਲਿਸ ਕੋਲ ਰਿਪੋਰਟ ਕਰਦੇ ਸਮੇਂ ਨਿਮਨਲਿਖਤ ਬਾਰੇ ਜਾਣਨਾ ਮਦਦਗਾਰੀ ਹੋ ਸਕਦਾ ਹੈ:

- ਰਿਪੋਰਟ ਕਰਨ ਨੂੰ ਕਈ ਘੰਟਿਆਂ ਦਾ ਸਮਾਂ ਲੱਗ ਸਕਦਾ ਹੈ।
- ਤੁਹਾਡੇ ਕਿਸੇ ਵਿਸ਼ਵਾਸ਼ਪਾਤਰ ਵਿਅਕਤੀ ਜਾਂ ਕਿਸੇ ਰੇਪ ਕਰਾਈਸਿਸ ਦੇ ਕਾਰਕੁੰਨ ਨੂੰ ਤੁਹਾਡਾ ਸਾਥ ਦੇਣ ਅਤੇ ਤੁਹਾਡੀ ਸਹਾਇਤਾ ਕਰਨ ਲਈ ਕਹਿਣਾ ਮਦਦਗਾਰੀ ਹੋ ਸਕਦਾ ਹੈ।
- ਕਿਉਂਕਿ ਵਿਗਿਆਨਕ ਜਾਂਚ ਸਬੰਧੀ ਸਬੂਤ ਆਸਾਨੀ ਨਾਲ ਗੁੰਮ ਹੋ ਸਕਦੇ ਹਨ, ਇਸ ਕਰਕੇ ਜਿੰਨੀ ਜਲਦੀ ਸੰਭਵ ਹੋਵੇ ਰਿਪੋਰਟ ਕਰਨਾ ਮਹੱਤਵਪੂਰਨ ਹੈ।

• ਬਦਲਣ ਵਾਸਤੇ ਕੱਪੜਿਆਂ ਨੂੰ ਨਾਲ ਲੈਕੇ ਚੱਲਣਾ ਇੱਕ ਵਧੀਆ ਵਿਚਾਰ ਹੈ ਕਿਉਂਕਿ ਹੋ ਸਕਦਾ ਹੈ ਸਬੂਤਾਂ ਵਜੋਂ ਵਸਤੂਆਂ ਦੀ ਲੋੜ ਪਵੇ। ਜੇ ਕਿਸੇ ਹਮਲੇ ਦੇ ਬਾਅਦ ਤੁਸੀਂ ਆਪਣੇ ਕੱਪੜੇ ਬਦਲ ਲੈਂਦੇ ਹੋ ਤਾਂ ਇਹਨਾਂ ਨੂੰ ਇੱਕ ਪਲਾਸਟਿਕ ਦੇ ਥੈਲੇ ਵਿੱਚ ਪਾਕੇ ਆਪਣੇ ਨਾਲ ਲੈ ਜਾਓ ਕਿਉਂਕਿ ਹੋ ਸਕਦਾ ਹੈ ਵਿਗਿਆਨਕ ਜਾਂਚ ਵਾਸਤੇ ਸਬੂਤ ਅਜੇ ਵੀ ਮੌਜੂਦ ਹੋਣ।

ਇੱਕ ਵਾਰ ਜਦੋਂ ਪੁਲਿਸ ਸਬੂਤਾਂ ਨੂੰ ਇਕੱਠਾ ਕਰ ਲੈਂਦੀ ਹੈ ਤਾਂ ਉਹ ਆਪਣੀਆਂ ਲੱਭਤਾਂ ਦੀ ਰਿਪੋਰਟ ਪ੍ਰੋਕਿਉਰੇਟਰ ਫਿਸਕਲ (Procurator Fiscal) ਨੂੰ ਕਰਨਗੇ ਜੋ ਇਹ ਫੈਸਲਾ ਕਰੇਗਾ ਕਿ ਕੀ ਹਮਲਾਵਰ ਨੂੰ ਅਦਾਲਤ ਤੱਕ ਲੈ ਜਾਣ ਵਾਸਤੇ ਕਾਫੀ ਸਬੂਤ ਹਨ ਜਾਂ ਨਹੀਂ। ਸਕਾਟਲੈਂਡ ਦਾ ਕਾਨੂੰਨ ਇਹ ਲੋੜਦਾ ਹੈ ਕਿ ਸਬੂਤਾਂ ਦੇ ਦੋ ਭਾਗ ਇੱਕ ਦੂਜੇ ਦੀ ਹਾਮੀ ਭਰਦੇ ਹੋਣ ਜਾਂ ਸਮਰਥਨ ਕਰਦੇ ਹੋਣ, ਇਸ ਕਰਕੇ ਤੁਹਾਡੀ ਰਿਪੋਰਟ ਦਾ ਸਮਰਥਨ ਕਰਨ ਲਈ ਸਬੂਤ ਮੰਗੇ ਜਾਣਗੇ। ਜੇ ਕੋਈ ਹਾਮੀ ਭਰਨ ਵਾਲੇ ਸਬੂਤਾਂ ਨੂੰ ਸਥਾਪਤ ਕਰਨਾ ਸੰਭਵ ਨਹੀਂ ਰਿਹਾ ਹੈ ਤਾਂ ਪ੍ਰੋਕਿਉਰੇਟਰ ਫਿਸਕਲ (PF) ਤੁਹਾਡੇ ਮਾਮਲੇ ਨੂੰ ਅਦਾਲਤ ਵਿੱਚ ਨਹੀਂ ਲਿਜਾ ਸਕਦਾ, ਇਸਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੇ 'ਤੇ ਵਿਸ਼ਵਾਸ਼ ਨਹੀਂ ਕੀਤਾ ਗਿਆ ਹੈ।

## ਦੋਸ਼ੀ

ਇਹ ਸੰਭਵ ਹੈ ਕਿ ਹਮਲਾਵਰ ਨੂੰ ਹਿਰਾਸਤ ਵਿੱਚ ਰੱਖਿਆ ਜਾਵੇਗਾ, ਪਰ ਅਜਿਹੀ ਸੰਭਾਵਨਾ ਹੈ ਕਿ ਉਸਨੂੰ ਜਾਂ ਤਾਂ ਅਦਾਲਤ ਵਿੱਚ ਪਹਿਲੀ ਪੇਸ਼ੀ ਮੌਕੇ ਜਾਂ ਇਸਦੇ ਇੱਕ ਹਫਤੇ ਬਾਅਦ ਜਮਾਨਤ 'ਤੇ ਰਿਹਾਅ ਕਰ ਦਿੱਤਾ ਜਾਵੇਗਾ। ਤੁਹਾਡੇ ਨਾਲ VIA (Victim Information & Advice) ਰਾਹੀਂ ਸੰਪਰਕ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਬਾਰੇ ਸਲਾਹ ਦਿੱਤੀ ਜਾਣੀ ਚਾਹੀਦੀ ਹੈ। ਉਸਦੀ ਜਮਾਨਤ ਦੀ ਇੱਕ ਸ਼ਰਤ ਇਹ ਹੋਵੇਗੀ ਕਿ ਉਹ ਤੁਹਾਡੇ ਤੱਕ ਪਹੁੰਚ ਨਹੀਂ ਕਰ ਸਕਦਾ ਜਾਂ ਸੰਪਰਕ ਨਹੀਂ ਕਰ ਸਕਦਾ, ਜੇ ਅਜਿਹਾ ਵਾਪਰਦਾ ਹੈ ਤਾਂ ਇਸਦੀ ਰਿਪੋਰਟ ਪੁਲਿਸ ਨੂੰ ਉਸਦੀ ਜਮਾਨਤ ਦੀਆਂ ਸ਼ਰਤਾਂ ਦੀ ਉਲੰਘਣਾ ਵਜੋਂ ਕਰਨੀ ਚਾਹੀਦੀ ਹੈ।

### ਪੂਰਵ-ਗਿਆਨ ਜਾਂਚ

ਚਾਹੇ ਹਮਲਾਵਰ ਦੋਸ਼ਾਂ ਦਾ ਜਵਾਬ ਦੇਣ ਲਈ ਅਦਾਲਤ ਵਿੱਚ ਹਾਜ਼ਰ ਹੋਵੇ ਜਾਂ ਨਾ, ਅਜਿਹੀ ਸੰਭਾਵਨਾ ਹੈ ਕਿ ਕੇਸ ਵਿਚਲੇ ਸਬੂਤਾਂ ਦੀ ਪ੍ਰੋਕਿਉਰੇਟਰ ਫਿਸਕਲ ਦੁਆਰਾ ਜਾਂਚ ਕੀਤੀ ਜਾਵੇਗੀ। ਇਸਨੂੰ ਪੂਰਵ ਗਿਆਨ ਜਾਂਚ ਕਹਿੰਦੇ ਹਨ। PF (Procurator Fiscal) ਵਾਸਤੇ ਤੁਹਾਨੂੰ ਮਾਮਲੇ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਕਿਸੇ ਬੈਠਕ ਵਿੱਚ ਜਾਣ ਲਈ ਕਹਿਣਾ, ਜਿਸ ਵਿੱਚ ਵਿਸ਼ੇਸ਼ ਉਪਾਵਾਂ ਲਈ ਕੋਈ ਅਰਜ਼ੀਆਂ ਵੀ ਸ਼ਾਮਲ ਹਨ (ਉਦਾਹਰਨ ਲਈ ਇੱਕ ਸਕਰੀਨ ਜਾਂ ਕੋਈ ਸਮਰਥਕ), ਇੱਕ ਆਮ ਗੱਲ ਹੈ।

ਹੋ ਸਕਦਾ ਹੈ PF ਪੁਲਿਸ ਨੂੰ ਤੁਹਾਡੇ ਕੋਲੋਂ ਇੱਕ ਵਧੀਕ ਬਿਆਨ ਲੈਣ ਵਾਸਤੇ ਕਹੇ, ਜੇਕਰ ਉਹਨਾਂ ਨੂੰ ਕੋਈ ਅਗਲੇਰੀ ਜਾਣਕਾਰੀ ਚਾਹੀਦੀ ਹੈ। ਜੇ ਤੁਸੀਂ ਉਹ ਬਿਆਨ ਦੇਖਣਾ ਚਾਹੁੰਦੇ ਹੋ ਜੋ ਤੁਸੀਂ ਪੁਲਿਸ ਨੂੰ ਦਿੱਤਾ ਸੀ ਤਾਂ ਤੁਸੀਂ ਇਸਨੂੰ PF ਦੇ ਦਫਤਰ ਵਿਖੇ ਦੇਖ ਸਕਦੇ ਹੋ। ਜੇ ਤੁਸੀਂ ਅਜਿਹਾ ਕਰਨ ਦੇ ਯੋਗ ਮਹਿਸੂਸ ਕਰਦੇ ਹੋ, ਤਾਂ ਇਹ ਮਦਦਗਾਰੀ ਹੋ ਸਕਦਾ ਹੈ ਕਿਉਂਕਿ ਮਾਮਲਿਆਂ ਦੇ ਅਦਾਲਤ ਤੱਕ ਪਹੁੰਚਣ ਨੂੰ ਇੱਕ ਸਾਲ ਤੱਕ ਦਾ ਸਮਾਂ ਲੱਗ ਸਕਦਾ ਹੈ ਅਤੇ ਇਹ ਤੁਹਾਡਾ ਬਿਆਨ ਹੈ ਜੋ ਕਿ ਉਹਨਾਂ ਸਵਾਲਾਂ ਦਾ ਆਧਾਰ ਹੋਵੇਗਾ ਜੋ ਤੁਹਾਨੂੰ ਪੁੱਛੇ ਜਾਣਗੇ।

ਦੋਸ਼ੀ ਦੇ ਵਕੀਲ ਦੀ ਵੀ ਮੁਕੱਦਮੇ ਦੀ ਸੁਣਵਾਈ ਤੋਂ ਪਹਿਲਾਂ ਤੁਹਾਡੇ ਨਾਲ ਗੱਲ ਕਰਨੀ ਚਾਹੁਣ ਦੀ ਸੰਭਾਵਨਾ ਹੈ। ਕਾਨੂੰਨੀ ਪ੍ਰਕਿਰਿਆ ਦਾ ਇਹ ਇੱਕ ਆਮ ਭਾਗ ਹੈ। ਤੁਹਾਡੇ ਲਈ ਇੰਟਰਵਿਊ ਵਾਸਤੇ ਸਹਿਮਤ ਹੋਣਾ ਜਰੂਰੀ ਨਹੀਂ ਹੈ ਪਰ ਫਿਸਕਲ ਤੁਹਾਨੂੰ ਭਾਗ ਲੈਣ ਲਈ ਉਤਸ਼ਾਹਤ ਕਰੇਗਾ।

ਰੇਪ ਕਰਾਈਸਿਸ ਸਕਾਟਲੈਂਡ ਇੱਕ ਚੈਰੀਟੇਬਲ ਕੰਪਨੀ ਹੈ ਜੋ ਗਰੰਟੀ ਦੁਆਰਾ ਲਿਮਟਿਡ ਹੈ।
ਸਕਾਟਲੈਂਡ ਵਿੱਚ ਪੰਜੀਕਿਰਤ। ਨੰਬਰ 258568.
ਇਨਲੈਂਡ ਰੈਵੇਨਿਊ ਦੁਆਰਾ ਇੱਕ ਸਕਾਟਿਸ਼ ਚੈਰਿਟੀ ਵਜੋਂ ਮਾਨਤਾ ਪ੍ਰਾਪਤ। ਨੰਬਰ SC025642.

Police & Legal Advice - Punjabi

## ਰੇਪ ਕਰਾਈਸਿਸ ਸਕਾਟਲੈਂਡ

## ਪੁਲਿਸ ਅਤੇ ਕਾਨੂੰਨੀ ਸਲਾਹ

ਜੇ ਤੁਸੀਂ ਜਾਂ ਤੁਹਾਡੀ ਕੋਈ ਜਾਣਕਾਰ ਜਿਣਸੀ ਹਿੰਸਾ ਦੀ ਕਿਸੇ ਵੀ ਕਿਸਮ ਤੋਂ ਪ੍ਰਭਾਵਿਤ ਹੋਈ ਹੈ, ਚਾਹੇ ਇਹ ਕਦੇ ਵੀ ਵਾਪਰੀ ਹੋਵੇ, ਕਿਰਪਾ ਕਰਕੇ ਮੁਫ਼ਤ ਅਤੇ ਗੁਪਤ **ਰੇਪ ਕਰਾਈਸਿਸ ਸਕਾਟਲੈਂਡ ਹੈਲਪਲਾਈਨ** ਨੂੰ **08088 01 03 02** 'ਤੇ ਕਾਲ ਕਰੋ

ਤੁਹਾਡੀ ਗੱਲ ਸੁਣਨ ਵਾਸਤੇ, ਤੁਰੰਤ ਸਹਾਇਤਾ ਅਤੇ ਜਾਣਕਾਰੀ ਦੀ ਪੇਸ਼ਕਸ਼ ਕਰਨ ਵਾਸਤੇ ਸਿਖਲਾਈ ਪ੍ਰਾਪਤ ਔਰਤ ਸਹਾਇਤਾ ਕਾਰਕੁੰਨ ਓਥੇ ਮੌਜੂਦ ਹਨ ਅਤੇ ਉਹ ਤੁਹਾਨੂੰ ਤੁਹਾਡੇ ਖੇਤਰ ਵਿਚਲੀ ਸਹਾਇਤਾ ਬਾਰੇ ਦੱਸ ਸਕਦੀਆਂ ਹਨ।

**www.rapecrisisscotland.org.uk**

### ਮੈਂਬਰ ਕੇਂਦਰ ਅਤੇ ਸਥਾਨਕ ਹੈਲਪਲਾਈਨਾਂ

ਅਬੇਰਦੀਨ ਰੇਪ ਐਂਡ ਅਬਿਊਜ ਸਪੋਰਟ: 01224 620 772

ਆਰਗਈਲ ਐਂਡ ਬਿਊਟ ਰੇਪ ਕਰਾਈਸਿਸ ਸੈਂਟਰ: ਔਰਤਾਂ- 0800 121 46 85 ਮਰਦ- 0800 032 0399

ਸੈਂਟਰਲ ਸਕਾਟਲੈਂਡ ਰੇਪ ਐਂਡ ਸੈਕਸੂਅਲ ਅਬਿਊਜ ਸੈਂਟਰ: 01786 471 771

ਡੱਮਫਰੀਜ਼ ਐਂਡ ਗੈਲੋਵੇ: 01387 253 113

ਡੰਡੀ ਵੂਮੈਨਜ ਰੇਪ ਐਂਡ ਸੈਕਸੂਅਲ ਅਬਿਊਜ ਸੈਂਟਰ: 01382 201 291

ਈਸਟ ਆਈਰਸ਼ਾਇਰ ਰੇਪ ਕਾਊਂਸਲਿੰਗ ਐਂਡ ਰਿਸੌਰਸ ਸੈਂਟਰ: 01563 541 769

ਈਡਨਬਰਗ ਵੂਮੈਨਜ ਰੇਪ ਐਂਡ ਸੈਕਸੂਅਲ ਅਬਿਊਜ ਸੈਂਟਰ: 0131 556 9437

ਫਾਈਫ਼ ਰੇਪ ਐਂਡ ਸੈਕਸੂਅਲ ਅਸਾਲਟ ਸੈਂਟਰ: 01592 642 336

ਗਲਾਸਗੋ ਰੇਪ ਕਰਾਈਸਿਸ ਸੈਂਟਰ: 0141 552 3200

ਲਨਾਰਕਸ਼ਾਇਰ ਰੇਪ ਕਰਾਈਸਿਸ ਸੈਂਟਰ: 01698 527 003

ਰੇਪ ਐਂਡ ਸੈਕਸੂਅਲ ਅਬਿਊਜ ਸੈਂਟਰ ਪਰਥ ਐਂਡ ਕਿਨਰੌਸ: 01738 630 965

ਸਕਾਟਿਸ਼ ਬਾਰਡਰਜ ਰੇਪ ਕਰਾਈਸਿਸ ਸੈਂਟਰ: 0800 054 2445

ਵੈਸਟਰਨ ਆਈਜਲਜ ਰੇਪ ਕਰਾਈਸਿਸ ਸੈਂਟਰ: 01851 709 965

### ਅਦਾਲਤ ਵਿੱਚ ਮੁਕੱਦਮਾ

ਜੇ ਮਾਮਲਾ ਅਦਾਲਤ ਵਿੱਚ ਜਾਂਦਾ ਹੈ ਤਾਂ ਇਸਨੂੰ ਚਾਰ ਮਹੀਨੇ ਲੱਗਣਗੇ ਜੇਕਰ ਦੋਸ਼ੀ ਹਿਰਾਸਤ ਵਿੱਚ ਹੈ, ਜਾਂ ਇੱਕ ਸਾਲ ਲੱਗੇਗਾ ਜੇਕਰ ਉਹ ਜਮਾਨਤ 'ਤੇ ਹੈ। ਤੁਹਾਡੇ ਨਾਲ ਪ੍ਰੋਕਿਊਰੇਟਰ ਫਿਸਕਲ ਸਰਵਿਸ ਦੇ ਹੀ ਇੱਕ ਅੰਗ, ਪੀੜਤ ਵਾਸਤੇ ਜਾਣਕਾਰੀ ਅਤੇ ਸਲਾਹ (Victim Information & Advice) ਸੇਵਾ ਦੁਆਰਾ ਸੰਪਰਕ ਕੀਤਾ ਜਾਵੇਗਾ, ਜੋ ਤੁਹਾਨੂੰ ਕੇਸ ਦੀ ਪ੍ਰਗਤੀ ਬਾਰੇ ਸੂਚਿਤ ਕਰੀ ਰੱਖਣ ਦੇ ਯੋਗ ਹੋਵੇਗੀ।

ਬਲਾਤਕਾਰ ਦੇ ਮੁਕੱਦਮਿਆਂ ਦੀਆਂ ਪਰਖਾਂ ਨੂੰ ਹਮੇਸ਼ਾ ਹਾਈ ਕੋਰਟ ਵਿੱਚ ਸੁਣਿਆ ਜਾਂਦਾ ਹੈ, ਹੋਰ ਜਿਣਸੀ ਅਪਰਾਧਾਂ ਨੂੰ ਜਾਂ ਤਾਂ ਹਾਈ ਕੋਰਟ ਵਿੱਚ ਜਾਂ ਸ਼ੈਰਿਫ ਕੋਰਟ ਵਿੱਚ ਸੁਣਿਆ ਜਾਂਦਾ ਹੈ। ਜੇ ਦੋਸ਼ੀ ਦੋਸ਼ ਸਵੀਕਾਰ ਕਰ ਲੈਂਦਾ ਹੈ ਤਾਂ ਤੁਹਾਨੂੰ ਗਵਾਹੀ ਵਾਸਤੇ ਨਹੀਂ ਬੁਲਾਇਆ ਜਾਵੇਗਾ। ਪਰ ਜੇ ਕੇਸ ਅਦਾਲਤ ਵਿੱਚ ਜਾ ਰਿਹਾ ਹੈ ਤਾਂ ਤੁਹਾਨੂੰ ਇੱਕ ਸਰਕਾਰੀ ਸੱਦਾ ਪ੍ਰਾਪਤ ਹੋਵੇਗਾ ਜੋ ਤੁਹਾਨੂੰ ਇਹ ਦੱਸੇਗਾ ਕਿ ਤੁਹਾਨੂੰ ਕਦੋਂ ਹਾਜ਼ਰ ਹੋਣਾ ਚਾਹੀਦਾ ਹੈ। ਇਹ ਯਾਦ ਰੱਖਣ ਯੋਗ ਗੱਲ ਹੈ ਕਿ ਮਾਮਲੇ ਹਮੇਸ਼ਾ ਪਹਿਲੀ ਤਾਰੀਖ਼ ਨੂੰ ਹੀ ਅੱਗੇ ਨਹੀਂ ਵਧ ਜਾਂਦੇ।

ਜਦ ਤੁਸੀਂ ਆਪਣੀ ਗਵਾਹੀ ਦੇ ਰਹੇ ਹੋਵੋਂ ਤਾਂ ਤੁਸੀਂ ਅਦਾਲਤ ਵਿੱਚ ਆਪਣੇ ਨਾਲ ਇੱਕ ਸਮਰਥਕ ਰੱਖਣ ਦੀ ਬੇਨਤੀ ਕਰ ਸਕਦੇ ਹੋ।

ਇੱਕ ਵਾਰ ਜਦ ਕੋਈ ਕੇਸ ਅਦਾਲਤ ਤੱਕ ਪਹੁੰਚ ਜਾਂਦਾ ਹੈ ਤਾਂ ਇਸਨੂੰ ਤੁਹਾਡੇ ਦੁਆਰਾ ਨਹੀਂ ਬਲਿਕ ਸ਼ਾਹੀ ਤਾਜ਼ ਦੁਆਰਾ ਅੱਗੇ ਲਿਜਾਇਆ ਜਾਂਦਾ ਹੈ। ਇਹ ਅਪਰਾਧ ਦੀ ਗੰਭੀਰਤਾ ਕਰਕੇ ਅਤੇ ਜਨਤਕ ਸੁਰੱਖਿਆ 'ਤੇ ਇਸਦੇ ਅਸਰ ਕਰਕੇ ਹੈ। ਪਰ, ਇਸਦਾ ਮਤਲਬ ਇਹ ਹੈ ਕਿ ਤੁਸੀਂ ਮੁਕੱਦਮੇ ਦੀ ਪਰਖ ਵਿੱਚ ਗਵਾਹ ਹੋਵੋਂਗੇ ਅਤੇ ਤੁਹਾਡਾ ਕੋਈ ਵਕੀਲ ਨਹੀਂ ਹੋਵੇਗਾ।

ਸ਼ਾਹੀ ਤਾਜ਼ ਦੀ ਤਰਫੋਂ ਇੱਕ ਐਡਵੋਕੇਟ ਡੀਪਿਊਟ (Advocate Depute) ਦੋਸ਼ੀ ਦੇ ਖਿਲਾਫ ਬੋਲੇਗਾ।

ਮੁਕੱਦਮੇ ਦੀ ਪਰਖ ਮੌਕੇ ਗਵਾਹੀ ਦਿੰਦੇ ਸਮੇਂ, ਤੁਹਾਨੂੰ ਤੁਹਾਡਾ ਨਾਮ, ਉਮਰ, ਪਤਾ ਅਤੇ ਕਿੱਤਾ ਪੁੱਛਿਆ ਜਾਵੇਗਾ। ਜੇ ਤੁਸੀਂ ਆਪਣਾ ਪਤਾ ਬਿਆਨ ਨਹੀਂ ਕਰਨਾ ਚਾਹੁੰਦੇ ਤਾਂ ਤੁਸੀਂ ਇਸਨੂੰ ਲਿਖਣ ਲਈ ਜੱਜ ਦੀ ਆਗਿਆ ਮੰਗ ਸਕਦੇ ਹੋ ਜਾਂ ਤੁਸੀਂ ਆਪਣਾ ਪਤਾ ਉਸ ਪੁਲਿਸ ਸਟੇਸ਼ਨ ਦੇ ਬਰਾਸਤਾ ਦੇ ਸਕਦੇ ਹੋ ਜਿੱਥੇ ਤੁਸੀਂ ਰਿਪੋਰਟ ਕੀਤੀ ਸੀ। ਫੇਰ ਤੁਹਾਨੂੰ ਵਿਸਥਾਰ ਨਾਲ ਹਮਲੇ ਬਾਰੇ ਪੁੱਛਿਆ ਜਾਵੇਗਾ ਅਤੇ ਐਡਵੋਕੇਟ ਡੀਪਿਊਟ ਅਤੇ ਦੋਸ਼ੀ ਦੇ ਬਚਾਓ ਵਕੀਲ ਵੱਲੋਂ ਤੁਹਾਥੋਂ ਪੁੱਛਗਿੱਛ ਕੀਤੀ ਜਾਵੇਗੀ। ਤੁਸੀਂ, ਅਗਾਊਂ, ਇਹ ਬੇਨਤੀ ਕਰ ਸਕਦੇ ਹੋ ਕਿ ਜਦ ਤੁਸੀਂ ਆਪਣੀ ਗਵਾਹੀ ਦਿੰਦੇ ਹੋ ਤਾਂ ਅਦਾਲਤ ਨੂੰ ਖਾਲੀ ਕਰ ਦਿੱਤਾ ਜਾਵੇ, ਇਸਦਾ ਮਤਲਬ ਇਹ ਹੈ ਕਿ ਜਨਤਕ ਬੈਂਚਾਂ ਨੂੰ ਖਾਲੀ ਕਰ ਦਿੱਤਾ ਜਾਂਦਾ ਹੈ ਪਰ ਅਦਾਲਤ ਦੇ ਅਧਿਕਾਰੀ ਅਤੇ ਨਿਆਂ ਮੰਡਲ ਫੇਰ ਵੀ ਮੌਜੂਦ ਰਹਿੰਦੇ ਹਨ (ਲੱਗਭਗ 27 ਲੋਕ)।

ਦੋਸ਼ੀ ਨੂੰ ਆਪਣੇ ਬਚਾਓ ਦਾ ਸੰਚਾਲਨ ਖੁਦ ਕਰਨ ਦੀ ਆਗਿਆ ਨਹੀਂ ਹੈ, ਅਤੇ ਹਾਲਾਂਕਿ ਉਹ ਸਾਰਾ ਸਮਾਂ ਅਦਾਲਤ ਵਿੱਚ ਮੌਜੂਦ ਰਹੇਗਾ, ਪਰ ਉਹ ਤੁਹਾਨੂੰ ਕੋਈ ਸਵਾਲ ਪੁੱਛਣ ਦੇ ਯੋਗ ਨਹੀਂ ਹੋਵੇਗਾ।

ਸਜ਼ਾ ਦੇਣਾ

ਤਿੰਨ ਸੰਭਾਵਿਤ ਫੈਸਲੇ ਹੋ ਸਕਦੇ ਹਨ: ਦੋਸ਼ੀ, ਸਾਬਤ ਨਹੀਂ ਹੋਇਆ ਅਤੇ ਦੋਸ਼ੀ ਨਹੀਂ। ਸਾਬਤ ਨਹੀਂ ਹੋਇਆ ਜਾਂ ਦੋਸ਼ੀ ਨਹੀਂ ਦੇ ਫੈਸਲੇ ਦਾ ਜਰੂਰੀ ਤੌਰ 'ਤੇ ਏਹੀ ਮਤਲਬ ਨਹੀਂ ਹੈ ਕਿ ਤੁਹਾਡੇ 'ਤੇ ਵਿਸ਼ਵਾਸ਼ ਨਹੀਂ ਕੀਤਾ ਗਿਆ ਸੀ, ਸਗੋਂ ਇਹ ਹੈ ਕਿ ਹੋ ਸਕਦਾ ਹੈ ਨਿਆਂ ਮੰਡਲ ਨੇ ਇਹ ਮਹਿਸੂਸ ਕੀਤਾ ਹੋਵੇ ਕਿ ਦੋਸ਼ ਸਿੱਧ ਹੋਣ ਵਾਸਤੇ ਕਾਫੀ ਸਬੂਤ ਨਹੀਂ ਸਨ। ਸਕਾਟਲੈਂਡ ਵਿੱਚ ਬਲਾਤਕਾਰ ਅਤੇ ਜਿਣਸੀ ਹਿੰਸਾ ਵਾਸਤੇ ਦੋਸ਼ ਸਿੱਧ ਹੋਣ ਦੀ ਦਰ ਘੱਟ ਹੈ, ਅਤੇ ਫੈਸਲੇ ਅਕਸਰ ਕਾਨੂੰਨੀ ਅਤੇ ਤਕਨੀਕੀ ਨੁਕਤਿਆਂ ਦੇ ਆਧਾਰ 'ਤੇ ਕੀਤੇ ਜਾਂਦੇ ਹਨ (ਉਦਾਹਰਨ ਲਈ ਨਾਕਾਫੀ ਪੁਸ਼ਟੀ)।

PF ਦੇ ਅਮਲੇ ਦੁਆਰਾ ਤੁਹਾਨੂੰ ਇਸਦਾ ਵਰਣਨ ਕੀਤਾ ਜਾ ਸਕਦਾ ਹੈ।

ਸਜ਼ਾ ਜੱਜ ਦੁਆਰਾ ਹਮੇਸ਼ਾ ਅਪਰਾਧ ਦੀ ਅਨੁਭਵ ਕੀਤੀ ਤੀਬਰਤਾ ਅਤੇ ਦੋਸ਼ੀ ਦੇ ਪੁਰਾਣੇ ਰਿਕਾਰਡ ਦੇ ਆਧਾਰ 'ਤੇ ਨਿਰਧਾਰਤ ਕੀਤੀ ਜਾਂਦੀ ਹੈ। ਰਵਾਇਤ ਅਨੁਸਾਰ ਜੱਜ ਦੋ ਅਤੇ ਦਸ ਸਾਲਾਂ ਵਿਚਕਾਰ ਸਜ਼ਾ ਦਿੰਦੇ ਜਾਪਦੇ ਹਨ, ਹਾਲਾਂਕਿ ਬਲਾਤਕਾਰ, ਜਿਣਸੀ ਹਮਲੇ, ਨਜ਼ਦੀਕੀ ਰਿਸ਼ਤੇਦਾਰਾਂ ਵਿਚਕਾਰ ਸੰਭੋਗ (incest) ਅਤੇ ਕਿਸੇ ਛੋਟੇ ਬੱਚੇ ਨਾਲ ਬਲਾਤਕਾਰ ਵਾਸਤੇ ਵੱਧ ਤੋਂ ਵੱਧ ਉਮਰ ਕੈਦ ਤੱਕ ਦੀ ਸਜ਼ਾ ਦਿੱਤੀ ਜਾ ਸਕਦੀ ਹੈ

ਜੇ ਤੁਹਾਡੇ ਕੇਸ ਦੀ ਸੁਣਵਾਈ ਕਿਸੇ ਸ਼ੈਰਿਫ ਕੋਰਟ ਵਿੱਚ ਹੋਈ ਹੈ ਤਾਂ ਦੋ ਸੰਭਾਵਿਤ ਪ੍ਰਕਿਰਿਆਵਾਂ ਹਨ: ਕਿਸੇ ਸ਼ੈਰਿਫ ਦੇ ਸਾਹਮਣੇ ਇੱਕ ਸੰਖੇਪ ਮੁਕੱਦਮੇ ਦੀ ਸੁਣਵਾਈ ਕੀਤੀ ਜਾਂਦੀ ਹੈ ਅਤੇ ਇਸ ਵਾਸਤੇ ਵੱਧ ਤੋਂ ਵੱਧ 3 ਮਹੀਨਿਆਂ ਦੀ ਸਜ਼ਾ ਮਿਲਦੀ ਹੈ, ਜਿਸਨੂੰ 6 ਮਹੀਨਿਆਂ ਤੱਕ ਵਧਾਇਆ ਜਾ ਸਕਦਾ ਹੈ ਜੇਕਰ ਦੋਸ਼ੀ ਦਾ ਹਿੰਸਾ ਦਾ ਕੋਈ ਪੁਰਾਣਾ ਰਿਕਾਰਡ ਰਿਹਾ ਹੋਵੇ, ਅਤੇ ਇੱਕ ਮਰਯਾਦਾਪੂਰਵਕ ਮੁਕੱਦਮਾ ਜਿਸਦੀ ਸੁਣਵਾਈ ਇੱਕ ਸ਼ੈਰਿਫ ਅਤੇ ਨਿਆਂ ਮੰਡਲ ਦੇ ਸਾਹਮਣੇ ਕੀਤੀ ਜਾਂਦੀ ਹੈ ਅਤੇ ਜਿਸ ਵਾਸਤੇ ਵੱਧ ਤੋਂ ਵੱਧ 5 ਸਾਲਾਂ ਦੀ ਸਜ਼ਾ ਮਿਲਦੀ ਹੈ। ਜੇ ਸ਼ੈਰਿਫ ਇਹ ਸੋਚਦਾ ਹੈ ਕਿ ਉਚੇਰੀ ਸਜ਼ਾ ਉਚਿਤ ਹੈ ਤਾਂ ਦੋਸ਼ੀ ਆਦਮੀ ਨੂੰ ਸਜ਼ਾ ਸੁਣਾਏ ਜਾਣ ਵਾਸਤੇ ਹਾਈ ਕੋਰਟ ਦੇ ਹਵਾਲੇ ਕੀਤਾ ਜਾ ਸਕਦਾ ਹੈ।

**ਅਪਰਾਧਕ ਸੱਟਾਂ ਲਈ ਮੁਆਵਜ਼ਾ**

ਜੇਕਰ ਤੁਸੀਂ ਪੁਲਿਸ ਨੂੰ ਰਿਪੋਰਟ ਕੀਤੀ ਹੈ ਤਾਂ ਤੁਸੀਂ ਅਪਰਾਧਕ ਸੱਟਾਂ ਲਈ ਮੁਆਵਜ਼ੇ ਦਾ ਦਾਅਵਾ ਕਰ ਸਕਦੇ ਹੋ। ਕੋਈ ਜਰੂਰੀ ਨਹੀਂ ਕਿ ਕੇਸ ਚੱਲਿਆ ਹੋਵੇ, ਨਾ ਹੀ ਮੁਕੱਦਮੇ ਦਾ ਸਫਲ ਹੋਣਾ ਜਰੂਰੀ ਹੈ। ਬਲਾਤਕਾਰ ਜਾਂ ਜਿਣਸੀ ਹਮਲਾ ਹੋਣ ਤੋਂ ਬਾਅਦ 2 ਸਾਲ ਦੀ ਸਮਾਂ ਸੀਮਾ ਹੈ ਜਿਸ ਦੇ ਅੰਦਰ ਤੁਸੀਂ ਅਰਜ਼ੀਆਂ ਦੇ ਸਕਦੇ ਹੋ। ਬਚਪਨ ਵਿੱਚ ਹੋਣ ਵਾਲੇ ਸ਼ੋਸ਼ਣ ਸਬੰਧੀ ਅਰਜ਼ੀ ਲਈ ਸਮਾਂ ਸੀਮਾ ........................................ ਹੈ।

ਅਰਜ਼ੀਆਂ ਲਈ ਦਾਅਵਾ ਫਾਰਮ ਅਤੇ ਮਾਰਗ-ਦਰਸ਼ਨ ਫਾਰਮ ਇਸ ਪਤੇ 'ਤੇ ਉਪਲਬਧ ਹੋ ਸਕਦੇ ਹਨ:

Police & Legal Advice - Punjabi

Criminal Injuries Compensation Authority
Tay House
300 Bath St
Glasgow
G2 4LN
Tel: 0141 331 2726

## ਸਥਾਨਕ ਰੇਪ ਕਰਾਈਸਿਸ ਸੈਂਟਰ

ਅਬੇਰਦੀਨ ਰੇਪ ਐਂਡ ਅਬਿਊਜ ਸਪੋਰਟ: Aberdeen Rape & Abuse Support: 01224 620 772

ਆਰਗਈਲ ਐਂਡ ਬਿਊਟ ਰੇਪ ਕਰਾਈਸਿਸ ਸੈਂਟਰ: Argyll & Bute Rape Crisis Centre: ਔਰਤਾਂ- 0800 121 46 85 ਮਰਦ- 0800 032 0399

ਸੈਂਟਰਲ ਸਕਾਟਲੈਂਡ ਰੇਪ ਐਂਡ ਸੈਕਸੂਅਲ ਅਬਿਊਜ ਸੈਂਟਰ: Central Scotland Rape Crisis and Sexual Abuse Centre: 01786 471 771

ਡੱਮਫਰੀਜ਼ ਐਂਡ ਗੈਲੋਵੇ: South West Rape & Sexual Abuse Centre (Dumfries & Galloway) : 01387 253 113

ਡੰਡੀ ਵੂਮੈਨਜ ਰੇਪ ਐਂਡ ਸੈਕਸੂਅਲ ਅਬਿਊਜ ਸੈਂਟਰ: Dundee Women's Rape & Sexual Abuse Centre: 01382 201 291

ਈਸਟ ਆਈਰਸ਼ਾਇਰ ਰੇਪ ਕਾਊਂਸਲਿੰਗ ਐਂਡ ਰਿਸੌਰਸ ਸੈਂਟਰ: East Ayrshire Rape Counseling & Resource Centre: 01563 541 769

ਈਡਨਬਰਗ ਵੂਮੈਨਜ ਰੇਪ ਐਂਡ ਸੈਕਸੂਅਲ ਅਬਿਊਜ ਸੈਂਟਰ: Edinburgh Women's Rape & Sexual Abuse Centre: 0131 556 9437

ਫਾਈਫ਼ ਰੇਪ ਐਂਡ ਸੈਕਸੂਅਲ ਅਸਾਲਟ ਸੈਂਟਰ: Fife Rape & Sexual Assault Centre: 01592 642 336

ਗਲਾਸਗੋ ਰੇਪ ਕਰਾਈਸਿਸ ਸੈਂਟਰ: Glasgow Rape Crisis Centre: 0141 552 3200

ਲਨਾਰਕਸ਼ਾਇਰ ਰੇਪ ਕਰਾਈਸਿਸ ਸੈਂਟਰ: Lanarkshire Rape Crisis Centre: 01698 527 003

ਰੇਪ ਐਂਡ ਸੈਕਸੂਅਲ ਅਬਿਊਜ ਸੈਂਟਰ ਪਰਥ ਐਂਡ ਕਿਨਰੌਸ: Rape & Sexual Abuse Centre Perth & Kinross: 01738 630 965

ਸਕਾਟਿਸ਼ ਬਾਰਡਰਜ ਰੇਪ ਕਰਾਈਸਿਸ ਸੈਂਟਰ: Scottish Borders Rape Crisis Centre: 0800 054 2445

ਵੈਸਟਰਨ ਆਈਜਲਜ ਰੇਪ ਕਰਾਈਸਿਸ ਸੈਂਟਰ: Western Isles Rape Crisis Centre : 01851 709 965